ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ-2 ਸਾਖਾ)

ਵੱਲ,

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ, ਪੰਜਾਬ,
ਚੰਡੀਗੜ੍ਹ ।

ਮੀਮੋ ਨੰ: HFW-HLH2026D/64/2021-2H2/3369
ਮਿਤੀ, ਚੰਡੀਗੜ੍ਹ: 28/05/21

ਵਿਸ਼ਾ :- **ਬਤੌਰ ਸੀਨੀਅਰ ਰੈਜੀਡੈਂਟ ਦੀ ਅਸਾਮੀ ਤੇ ਚੁਣੇ ਜਾਣ ਉਪਰੰਤ ਰਲੀਵ ਹੋਣ ਲਈ ਫਾਰਮਲ ਐਨ.ਓ.ਸੀ ਜਾਰੀ ਕਰਨ ਬਾਰੇ - ਡਾ: ਸੁਨੀਲ ਭਾਰਦਵਾਜ, ਮੈਰਿਟ ਨੰ: 01/ਈ.ਐਸ.ਐਮ/2008, ਮੈਡੀਕਲ ਅਫਸਰ (ਮਾਈਕਰੋਬਾਇਲੋਜਿਸਟ), ਆਈ.ਡੀ.ਐਸ.ਪੀ.ਲੈਬ, ਦਫਤਰ ਸਿਵਲ ਸਰਜਨ, ਤਰਨਤਾਰਨ ।**

*****

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ: 1/ਈਐਸਐਮ/08 ਈ-2(6)ਪੰ:21/3163, ਮਿਤੀ 20.05.2021 ਦੇ ਹਵਾਲੇ ਵਿੱਚ ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਆਪ ਵਲੋਂ ਪ੍ਰਾਪਤ ਤਜਵੀਜ/ਵੇਰਵਿਆਂ ਦੇ ਸਨਮੁੱਖ ਹੇਠ ਦਰਸਾਏ ਡਾਕਟਰ ਨੂੰ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਵਿਖੇ ਬਤੌਰ ਸੀਨੀਅਰ ਰੈਜੀਡੈਂਟ (ਮਾਈਕਰੋਬਾਇਲੋਜੀ ਵਿਸ਼ੇ ਵਿੱਚ) ਚੋਣ ਹੋ ਜਾਣ ਕਾਰਣ ਉਸ ਨੂੰ ਰਲੀਵ ਕਰਨ ਲਈ ਸਰਕਾਰ ਵਲੋਂ ਫਾਰਮਲ ਇਤਰਾਜਹੀਨਤਾ ਸਰਟੀਫਿਕੇਟ (ਐਨ.ਓ.ਸੀ) ਹੇਠ ਦਰਸਾਈਆਂ ਗਈਆਂ ਸ਼ਰਤਾ ਤਹਿਤ ਜਾਰੀ ਕੀਤਾ ਜਾਂਦਾ ਹੈ :-

ਲੜੀ ਨੰ:	ਡਾਕਟਰ ਦਾ ਨਾਂ , ਮੈਰਿਟ ਨੰ:, ਮੌਜੂਦਾ ਪੋਸਟਿੰਗ	ਸਪੈਸ਼ਲਿਟੀ	ਸਰਕਾਰੀ ਮੈਡੀਕਲ ਕਾਲਜ, ਜਿੱਥੇ ਸੀਟ ਮਿਲੀ ਹੈ ।
1	ਡਾ: ਸੁਨੀਲ ਭਾਰਦਵਾਜ, ਮੈਰਿਟ ਨੰ: 01/ਈ.ਐਸ.ਐਮ/2008, ਮੈਡੀਕਲ ਅਫਸਰ (ਮਾਈਕਰੋਬਾਇਲੋਜਿਸਟ), ਆਈ.ਡੀ.ਐਸ.ਪੀ.ਲੈਬ, ਦਫਤਰ ਸਿਵਲ ਸਰਜਨ, ਤਰਨਤਾਰਨ ।	(ਮਾਈਕਰੋਬਾਇਲੋਜੀ)	ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ।

3. ਉਕਤ ਦਰਸਾਏ ਗਈ ਮੈਡੀਕਲ ਅਫਸਰ ਨੂੰ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ ਵਲੋਂ ਪ੍ਰਾਪਤ ਤਜਵੀਜ/ਸਿਫਾਰਿਸ਼ ਦੇ ਸਨਮੁੱਖ ਇਤਰਾਜਹੀਨਤਾ ਸਰਟੀਫਿਕੇਟ ਵਿਭਾਗ ਦੀਆਂ ਸੀਨੀਅਰ ਰੈਜੀਡੈਂਸੀ ਸਬੰਧੀ ਹਦਾਇਤਾਂ ਪੱਤਰ ਨੰ: 27/125/2008-5HBII/3152-53, ਮਿਤੀ 24.05.2010 ਅਤੇ ਪੱਤਰ ਨੰ: HFW-HLH2026D/42/2021-6H2/ 2750-53, ਮਿਤੀ 30.04.2021 ਵਿੱਚ ਦਰਜ ਸ਼ਰਤਾਂ ਤੇ ਅਧਾਰਤ ਹੋਵੇਗਾ ।

4. ਡਾਕਟਰ ਨੂੰ ਉਕਤ ਹਦਾਇਤਾਂ ਤੋਂ ਇਲਾਵਾ ਹੇਠ ਦਰਸਾਈਆਂ ਸ਼ਰਤਾਂ ਤਹਿਤ ਐਨ.ਓ.ਸੀ ਜਾਰੀ ਕੀਤਾ ਜਾਂਦਾ ਹੈ :-

1. ਸਬੰਧਤ ਸਿਵਲ ਸਰਜਨ/ਮੈਡੀਕਲ ਸੁਪਰਡੰਟ ਨੂੰ ਲਿਖਿਆ ਜਾਂਦਾ ਹੈ ਕਿ ਸੀਨੀਅਰ ਰੈਜੀਡੈਂਸੀ ਸਬੰਧੀ ਬਣਦਾ ਬਾਂਡ ਭਰਵਾਉਣ ਉਪਰੰਤ ਡਾਕਟਰ ਅਤੇ ਉਸ ਦੀ ਸ਼ੋਰਟੀ ਪਾਉਣ ਵਾਲੇ ਅਧਿਕਾਰੀ ਦੀ ਸਰਵਿਸ ਬੁੱਕ ਵਿੱਚ ਐਂਟਰੀ ਕਰਨ ਉਪਰੰਤ ਹੀ ਇਸ ਡਾਕਟਰ ਨੂੰ ਰਲੀਵ ਕਰਨਾ ਯਕੀਨੀ ਬਣਾਇਆ ਜਾਵੇ।
2. ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਉਕਤ ਡਾਕਟਰ ਨੂੰ ਤਨਖਾਹ ਉਨ੍ਹਾਂ ਦੇ ਬਾਂਡ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ ਵਲੋਂ ਪ੍ਰਵਾਨ ਕਰਨ ਉਪਰੰਤ ਹੀ ਰਲੀਜ ਕਰਨਗੇ ।

5. ਜੇਕਰ ਡਾਕਟਰ ਵਿਰੁੱਧ ਕੋਈ ਪ੍ਰਤੀਕੂਲ ਮੁੱਦਾ/ਤੱਥ ਸਾਹਮਣੇ ਆਉਂਦੇ ਹਨ ਜਾਂ ਕਿਸੇ ਵਲੋਂ ਧਿਆਨ ਵਿੱਚ ਲਿਆਏ ਜਾਂਦਾ ਹਨ ਤਾਂ ਜਾਰੀ ਕੀਤਾ ਐਨ.ਓ.ਸੀ ਮੁੜ ਵਿਚਾਰਨਯੋਗ ਹੋਵੇਗਾ ।

ਸੁਪਰਡੰਟ

ਪਿ:ਐਂ:ਨੰ: HFW-HLH2026D/64/2021-2H2/ 3370-3374 ਮਿਤੀ, ਚੰਡੀਗੜ੍ਹ: 28/05/21

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ।
2. ਡਾਇਰੈਕਟਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਪੰਜਾਬ, ਚੰਡੀਗੜ੍ਹ ।

3. ਸਿਵਲ ਸਰਜਨ, ਤਰਨਤਾਰਨ ।

4 ਸੀਨੀਅਰ ਮੈਡੀਕਲ ਅਫਸਰ (ਇੰ) ਸਿਵਲ ਹਸਪਤਾਲ, ਪੱਟੀ, ਜਿਲ੍ਹਾ ਤਰਨਤਾਰਨ ।

ਰਜਿ: 5 ਡਾ: ਸੁਨੀਲ ਭਾਰਦਵਾਜ, ਮੈਰਿਟ ਨੰ: 01/ਈ.ਐਸ.ਐਮ/2008, ਮੈਡੀਕਲ ਅਫਸਰ (ਮਾਈਕਰੋਬਾਇਲੋਜਿਸਟ), ਆਈ.ਡੀ.ਐਸ.ਪੀ.ਲੈਬ, ਦਫਤਰ ਸਿਵਲ ਸਰਜਨ, ਤਰਨਤਾਰਨ ।

ਸੁਪਰਡੰਟ